# ICE ਦੇ ਨਾਲ ਆਪਣੇ ਅਧਿਕਾਰਾਂ ਨੂੰ ਜਾਣੋ

ਜੇਕਰ ICE (ਇਮੀਗ੍ਰੇਸ਼ਨ ਅਤੇ ਕਸਟਮ ਇਨਫੋਰਸਮੈਂਟ) ਦੇ ਏਜੰਟ ਤੁਹਾਡੇ ਕੋਲ ਆਉਣ, ਉਸ ਸਥਿਤੀ ਵਿੱਚ ਤੁਹਾਡੇ ਕੋਲ ਅਧਿਕਾਰ ਹਨ!

## ਜੇਕਰ ਮੇਰੇ ਦਰਵਾਜ਼ੇ 'ਤੇ ICE ਦੇ ਅਧਿਕਾਰੀ ਖੜ੍ਹੇ ਹੋਣ, ਤਾਂ ਮੈਂ ਕੀ ਕਰ ਸਕਦਾ/ਸਕਦੀ ਹਾਂ?

- ਤੁਹਾਨੂੰ ICE ਲਈ ਤੁਰੰਤ ਦਰਵਾਜ਼ਾ ਖੋਲ੍ਹਣ ਦੀ ਲੋੜ ਨਹੀਂ ਹੈ ਅਤੇ ਤੁਹਾਨੂੰ ICE ਨਾਲ ਗੱਲ ਕਰਨ ਦੀ ਲੋੜ ਨਹੀਂ ਹੈ।
- **ਬੰਦ ਦਰਵਾਜ਼ੇ ਦੇ ਪਿੱਛਿਓਂ** ਹੀ, ਤੁਸੀਂ ਉਹਨਾਂ ਨੂੰ ਪੁੱਛ ਸਕਦੇ ਹੋ ਕਿ ਤੁਸੀਂ ਕੌਣ ਹੋ ਅਤੇ ਉਹਨਾਂ ਨੂੰ ਬਾਰੀ ਜਾਂ ਦਰਵਾਜ਼ੇ ਦੀ ਮੋਰੀ ਦੇ ਰਾਹੀਂ ਬੈਜ, ID ਜਾਂ ਬਿਜ਼ਨੇਸ ਕਾਰਡ ਦਿਖਾਉਣ ਲਈ ਕਹਿ ਸਕਦੇ ਹੋ ਜਾਂ ਦਰਵਾਜ਼ੇ ਦੇ ਨੀਚਿਓਂ ਦੀ ਵੀ ਦੇਣ ਲਈ ਕਹਿ ਸਕਦੇ ਹੋ।
- ਤੁਸੀਂ ਪੁੱਛ ਸਕਦੇ ਹੋ ਕਿ ਕੀ ਉਹਨਾਂ ਕੋਲ **ਅਦਾਲਤੀ ਵਰੰਟ ਹੈ ਕਿ ਨਹੀਂ:**

ਜੇਕਰ ਉਹ ਕਹਿਣ **ਨਹੀਂ**,
ਤਾਂ ਤੁਹਾਨੂੰ ਉਹਨਾਂ ਨੂੰ ਅੰਦਰ ਆਉਣ ਦੇਣ ਦੀ ਲੋੜ ਨਹੀਂ ਹੈ। ਤੁਸੀਂ ਕਹਿ ਸਕਦੇ ਹੋ,

"ਮੈਂ ਤੁਹਾਡੇ ਨਾਲ ਗੱਲ ਨਹੀਂ ਕਰਨਾ ਚਾਹੁੰਦਾ/ਚਾਹੁੰਦੀ।"

ਜੇਕਰ ਉਹ ਕਹਿਣ **ਹਾਂ**,
ਤੁਸੀਂ ਉਹਨਾਂ ਨੂੰ ਵਰੰਟ ਦਰਵਾਜ਼ੇ ਦੇ ਨੀਚਿਓਂ ਦੇਣ ਲਈ ਕਹਿ ਸਕਦੇ ਹੋ। ਇਹ ਜਾਣਨ ਲਈ ਕਿ ਕੀ ਇਹ ਇੱਕ ਅਦਾਲਤੀ ਵਰੰਟ ਹੈ, ਇਹ ਦੇਖੋ ਕਿ ਵਰੰਟ 'ਤੇ ਕਿਸ ਦੇ ਦਸਤਖਤ ਹਨ।

ਅਦਾਲਤੀ ਵਰੰਟ ਕੋਰਟ ਤੋਂ ਜੱਜ ਵੱਲੋਂ ਦਸਤਖਤ ਕੀਤਾ ਇੱਕ ਵਰੰਟ ਹੁੰਦਾ ਹੈ। ਉਦਾਹਰਨ ਲਈ, ਜੱਜ ਦੇ ਦਸਤਖਤਾਂ ਵਿੱਚ "ਮਾਣਯੋਗ" ਸ਼ਬਦ ਹੋ ਸਕਦਾ ਹੈ। ਉਹਨਾਂ ਦੇ ਦਸਤਖਤ ਦੇ ਅੱਗੇ "ਜੱਜ", "ਜਸਟਿਸ" ਜਾਂ "ਮਜਿਸਟ੍ਰੇਟ" ਲੱਗਾ ਹੋ ਸਕਦਾ ਹੈ।

- ਲੋਕਾਂ ਦੀ ਸੁਰੱਖਿਆ ਨੂੰ ਖਤਰਾ ਜਾਂ ਕਿਸੇ ਦੇ ਜੀਵਨ ਨੂੰ ਖਤਰਾ ਵਰਗੀ ਅਪਾਤਕਾਲ ਸਥਿਤੀ ਵਿੱਚ ICE ਤੁਹਾਡੀ ਇਜਾਜ਼ਤ ਲਿੱਤੇ ਬਿਨਾਂ ਅੰਦਰ ਆ ਸਕਦੀ ਹੈ। ਜੇਕਰ ਇੰਝ ਹੁੰਦਾ ਹੈ, ਤੁਹਾਨੂੰ ਫਿਰ ਵੀ ICE ਨਾਲ ਗੱਲ ਕਰਨ ਦੀ ਲੋੜ ਨਹੀਂ ਹੈ।
- ਜੇਕਰ ICE ਕਿਸੇ ਦੀ ਭਾਲ ਕਰ ਰਹੀ ਹੈ, **ਤਾਂ ਤੁਹਾਨੂੰ ਗੱਲ ਕਰਨ ਦੀ ਲੋੜ ਨਹੀਂ ਹੈ।** ਜੇਕਰ ਤੁਸੀਂ ਬੋਲਣ ਦੀ ਚੋਣ ਕਰਦੇ ਹੋ, ਤਾਂ ਤੁਸੀ ICE ਨੂੰ ਸੰਪਰਕ ਜਾਣਕਾਰੀ ਦੇਣ ਲਈ ਕਹਿ ਸਕਦੇ ਹੋ। ਜਦਕਿ ਤੁਹਾਨੂੰ ਇਹ ਦੱਸਣ ਦੀ ਲੋੜ ਨਹੀਂ ਹੈ ਕਿ ਉਹ ਵਿਅਕਤੀ ਕਿੱਥੇ ਰਹਿੰਦਾ/ਰਹਿੰਦੀ ਹੈ, ਪਰ ਗਲਤ ਜਾਣਕਾਰੀ ਦੇਣਾ ਤੁਹਾਨੂੰ ਖਤਰੇ ਵਿੱਚ ਪਾਉਂਦਾ ਹੈ।

## ਜੇਕਰ ICE ਮੇਰੇ ਘਰ ਦੇ ਅੰਦਰ ਆ ਜਾਵੇ ਤਾਂ ਮੈਂ ਕੀ ਕਰ ਸਕਦਾ/ਸਕਦੀ ਹਾਂ?

- ਜੇਕਰ ICE ਤੁਹਾਡੀ ਇਜਾਜ਼ਤ ਲਏ ਬਿਨਾਂ ਤੁਹਾਡੇ ਘਰ ਵਿੱਚ ਦਾਖਲ ਹੋ ਜਾਵੇ ਤਾਂ ਤੁਸੀਂ ਉਹਨਾਂ ਨੂੰ ਸਪਸ਼ਟ ਰੂਪ ਵਿੱਚ ਕਹਿ ਸਕਦੇ ਹੋ ਕਿ: **"ਮੈਂ ਇਸ ਗੱਲ ਨਾਲ ਰਜ਼ਾਮੰਦ ਨਹੀਂ ਹਾਂ ਕਿ ਤੁਸੀਂ ਮੇਰੇ ਘਰ ਦੇ ਅੰਦਰ ਆਓ। ਕਿਰਪਾ ਕਰਕੇ ਚਲੇ ਜਾਓ।**" ਇੰਝ ਕਹਿਣ ਨਾਲ ਸ਼ਾਇਦ ਉਹ ਹਮੇਸ਼ਾ ਨਾ ਰੁਕਣ, ਪਰ ਇਸ ਨਾਲ ਭਵਿੱਖ ਵਿੱਚ ਕਿਸੇ ਕਨੂੰਨੀ ਮਸਲੇ ਵਿੱਚ ਸਹਾਇਤਾ ਮਿਲ ਸਕਦੀ ਹੈ।
- ਜੇਕਰ ICE ਤੁਹਾਡੇ ਘਰ ਵਿੱਚ ਕਮਰਿਆਂ ਜਾਂ ਵਸਤਾਂ ਦੀ ਛਾਣਬੀਣ ਕਰਨਾ ਸ਼ੁਰੂ ਕਰ ਦਿੰਦੀ ਹੈ ਤਾਂ ਤੁਸੀਂ ਉਹਨਾਂ ਨੂੰ ਕਹਿ ਸਕਦੇ ਹੋ, **"ਮੈਂ ਤੁਹਾਡੇ ਵੱਲੋਂ ਛਾਣਬੀਣ ਕੀਤੇ ਜਾਣ ਦੇ ਨਾਲ ਰਜ਼ਾਮੰਦ ਨਹੀਂ ਹਾਂ।**" ਜੇਕਰ ਉਹ ਰਜ਼ਾਮੰਦੀ ਦੇ ਬਿਨਾਂ ਛਾਣਬੀਣ ਕਰਨਾ ਜਾਰੀ ਰੱਖਦੇ ਹਨ ਤਾਂ ਤੁਸੀਂ **ਇੰਝ ਦੁਹਰਾਉਣਾ** ਜਾਰੀ ਰੱਖ ਸਕਦੇ ਹੋ।
- ਜੇਕਰ ਤੁਹਾਡੇ ਘਰ ਵਿੱਚ **ਬੱਚੇ** ਜਾਂ **ਹੋਰ ਕਮਜ਼ੋਰ ਅਵਾਸੀ** ਹਨ, ਤਾਂ ਤੁਸੀਂ ਉਹਨਾਂ ਨੂੰ ਦੱਸ ਸਕਦੇ ਹੋ।

## ਜੇਕਰ ICE ਮੈਨੂੰ ਸੜਕ ਜਾਂ ਲੋਕਾਂ ਵਿੱਚ ਰੋਕੇ ਤਾਂ ਮੈਂ ਕੀ ਕਰ ਸਕਦਾ/ਸਕਦੀ ਹਾਂ?

- ਇਸ ਤੋਂ ਪਹਿਲਾਂ ਕਿ ਤੁਸੀਂ ਕੁਝ ਕਹੋ, ਤੁਸੀਂ ਪੁੱਛ ਸਕਦੇ ਹੋ, "ਕੀ ਮੈਂ ਇੱਥੋਂ ਜਾ ਸਕਦਾ/ਸਕਦੀ ਹਾਂ?"

ਜੇਕਰ ਉਹ ਕਹਿਣ **ਹਾਂ**:
ਤਾਂ ਤੁਸੀਂ ਕਹਿ ਸਕਦੇ ਹੋ,

"ਮੈਂ ਤੁਹਾਡੇ ਸਵਾਲਾਂ ਦਾ ਉੱਤਰ ਨਹੀਂ ਦੇਣਾ ਚਾਹੁੰਦਾ/ਚਾਹੁੰਦੀ"

ਜੇਕਰ ਉਹ ਕਹਿਣ **ਨਹੀਂ**:
ਤਾਂ ਤੁਸੀਂ ਕਹਿ ਸਕਦੇ ਹੋ,

"ਮੈਂ ਚੁੱਪ ਰਹਿਣਾ ਚਾਹੁੰਦਾ/ਚਾਹੁੰਦੀ ਹਾਂ"

ਜੇਕਰ ICE ਦੇ ਏਜੰਟ ਤੁਹਾਡੀਆ ਜੇਬਾਂ ਜਾਂ ਸਮਾਨ ਦੀ ਛਾਣਬੀਣ ਕਰਨ ਦੀ ਕੋਸ਼ਿਸ਼ ਕਰਨ, ਤਾਂ ਤੁਸੀਂ ਕਹਿ ਸਕਦੇ ਹੋ,

"ਮੈਂ ਛਾਣਬੀਣ ਕੀਤੇ ਜਾਣ ਦੇ ਨਾਲ ਰਜ਼ਾਮੰਦ ਨਹੀਂ ਹਾਂ।"

ਜੇਕਰ ਉਹ ਫਿਰ ਵੀ ਤੁਹਾਡੀ ਛਾਣਬੀਣ ਕਰਨ, ਤਾਂ ਤੁਸੀਂ ਉਹਨਾਂ ਨੂੰ ਸਰੀਰਕ ਜ਼ੋਰ ਨਾਲ ਰੋਕ ਨਹੀਂ ਸਕਦੇ, ਪਰ ਸਪਸ਼ਟ ਰੂਪ ਵਿੱਚ ਇਹ ਕਹਿਣਾ ਭਵਿੱਖ ਵਿੱਚ ਕਿਸੇ ਕਨੂੰਨੀ ਮਸਲੇ ਲਈ ਮਹੱਤਪੂਰਨ ਹੋ ਸਕਦਾ ਹੈ।

## ਜੇਕਰ ICE ਮੇਰੇ ਦਫ਼ਤਰ ਵਿੱਚ ਆ ਜਾਵੇ ਤਾਂ ਮੈਂ ਕੀ ਕਰ ਸਕਦਾ/ਸਕਦੀ ਹਾਂ?

- ICE ਬਿਨਾਂ ਕਿਸੇ ਕਿਸਮ ਦੀ ਵਰੰਟ ਦੀ ਲੋੜ ਦੇ ਕਿਸੇ ਵੀ ਦਫ਼ਤਰ ਦੀ **ਸਾਰਵਜਨਿਕ ਜਗ੍ਹਾਂ** ਵਿੱਚ ਦਾਖਲ ਹੋ ਸਕਦੀ ਹੈ।
- **ਸਾਰਵਜਨਿਕ ਜਗ੍ਹਾਵਾਂ** ਵਿੱਚ ਇਹ ਜਗ੍ਹਾਵਾਂ ਸ਼ਾਮਲ ਹੋ ਸਕਦੀਆਂ ਹਨ: ਦਫਤਰ ਦੀ ਲੌਬੀ, ਸੁਪਰਮਾਰਕਿਟ, ਖੁਦਰਾ ਸਟੋਰ, ਜਾਂ ਰੇਸਤਰਾਂ ਦਾ ਡਾਈਨਿੰਗ ਖੇਤਰ।
- ICE ਤਦ ਤੱਕ ਕਿਸੇ ਦਫ਼ਤਰ ਦੀ **ਨਿੱਜੀ ਜਗ੍ਹਾਂ** ਵਿੱਚ ਕਨੂੰਨੀ ਤੌਰ 'ਤੇ ਦਾਖਲ ਨਹੀਂ ਹੋ ਸਕਦੀ ਜਦ ਤੱਕ ਉਹਨਾਂ ਕੋਲ **ਤੁਹਾਡੇ ਮਾਲਕ ਦੀ ਇਜਾਜ਼ਤ** ਜਾਂ **ਅਦਾਲਤੀ ਵਰੰਟ** ਨਾ ਹੋਵੇ।
- **ਨਿੱਜੀ ਜਗ੍ਹਾਵਾਂ** ਵਿੱਚ ਕੇਵਲ ਕਰਮਚਾਰੀ ਦਾਖਲ ਹੋ ਸਕਦੇ ਹਨ ਜਿਨ੍ਹਾਂ ਵਿੱਚ ਕਿਸੇ ਦਫ਼ਤਰ ਦਾ ਅਰਾਮ ਕਮਰਾ ਜਾਂ ਸਟੋਰੇਜ ਕਮਰਾ ਸ਼ਾਮਲ ਹੋ ਸਕਦਾ।
- **ਮਾਲਕ** ICE ਨੂੰ ਉਹਨਾਂ ਦੀ ਪਛਾਣ ਦਿਖਾਉਣ ਲਈ ਕਹਿ ਸਕਦੇ ਹਨ ਅਤੇ ਪੁੱਛ ਸਕਦੇ ਹਨ ਕਿ ਕੀ ICE ਕੋਲ ਅਦਾਲਤੀ ਵਰੰਟ ਹੈ ਕਿ ਨਹੀਂ
- ਸਾਰੀਆਂ ਸਾਰਵਜਨਿਕ ਜਗ੍ਹਾਵਾਂ ਦੀ ਤਰ੍ਹਾਂ, ਜੇਕਰ ਕੰਮ 'ਤੇ ICE ਤੁਹਾਡੇ ਕੋਲ ਆਵੇ ਤਾਂ **ਤਾਂ ਤੁਹਾਨੂੰ ਉਹਨਾਂ ਦੇ ਸਵਾਲਾਂ ਦੇ ਜਵਾਬ ਦੇਣ ਦੀ ਲੋੜ ਨਹੀਂ ਹੈ** ਅਤੇ ਤੁਸੀਂ ਉਹਨਾਂ ਨੂੰ ਆਪਣੇ ਮਾਲਕ ਕੋਲ ਭੇਜ ਸਕਦੇ ਹੋ।
- ਹਮੇਸ਼ਾ ਦੀ ਤਰ੍ਹਾਂ, ਜੇਕਰ ICE ਦੇ ਏਜੰਟ ਤੁਹਾਡੀਆਂ ਜੇਬਾਂ ਜਾ ਸਮਾਨ ਦੀ ਛਾਣਬੀਣ ਕਰਨ ਦੀ ਕੋਸ਼ਿਸ਼ ਕਰਨ, ਤਾਂ ਤੁਸੀਂ ਕਹਿ ਸਕਦੇ ਹੋ, **"ਮੈਂ ਛਾਣਬੀਣ ਕੀਤੇ ਜਾਣ ਦੇ ਨਾਲ ਰਜ਼ਾਮੰਦ ਨਹੀਂ ਹਾਂ।"** ਜੇਕਰ ਉਹ ਫਿਰ ਵੀ ਤੁਹਾਡੀ ਛਾਣਬੀਣ ਕਰਨ, ਤੁਸੀਂ ਉਹਨਾਂ ਨੂੰ ਸਰੀਰਕ ਜ਼ੋਰ ਨਾਲ ਰੋਕ ਨਹੀਂ ਸਕਦੇ, ਪਰ ਸਪਸ਼ਟ ਰੂਪ ਵਿੱਚ ਇਹ ਕਹਿਣਾ ਕਿ ਤੁਸੀਂ ਰਜ਼ਾਮੰਦ ਨਹੀਂ ਹੋ, ਭਵਿੱਖ ਵਿੱਚ ਕਿਸੇ ਕਨੂੰਨੀ ਮਸਲਿਆਂ ਲਈ ਮਹੱਤਪੂਰਨ ਹੋ ਸਕਦਾ ਹੈ।

## ਜੇਕਰ ਮੈਨੂੰ ਹਿਰਾਸਤ ਵਿੱਚ ਲਿੱਤਾ ਜਾਵੇ ਤਾਂ ਫਿਰ ਕੀ ਹੋਵੇਗਾ?

- ਜੇਕਰ ਤੁਹਾਨੂੰ **ਮੈਡੀਕਲ ਸਮੱਸਿਆਵਾਂ** ਹਨ ਜਾਂ **ਬਾਲਦੇਖਭਾਲ ਦੀ ਵਿਵਸਥਾ** ਕਰਨ ਦੀ ਲੋੜ ਹੈ ਤਾਂ ਤੁਸੀਂ ICE ਨੂੰ ਦੱਸ ਸਕਦੇ ਹੋ।
- ਹੋ ਸਕਦਾ ਹੈ ਕਿ ICE ਦੇ ਏਜੰਟ **ਤੁਹਾਡੀ ਮਾਤ ਭਾਸ਼ਾ ਨਾ ਬੋਲਦੇ ਹੋਣ।** ਤੁਸੀਂ ICE ਦੇ ਨਾਲ ਕਿਸੇ ਵੀ ਬੋਲਚਾਲ ਲਈ ਜਾਂ ਤੁਹਾਨੂੰ ਦਿੱਤੀ ਗਈ ਕਿਸੇ ਵੀ ਅਪੌਇੰਟਮੈਂਟ ਜਾਂ ਸੁਣਵਾਈ ਲਈ **ਦੁਭਾਸ਼ੀਏ ਲਈ ਬੇਨਤੀ** ਕਰ ਸਕਦੇ ਹੋ।
- ਤੁਹਾਨੂੰ ਕਿਸੇ ਵਕੀਲ ਨਾਲ ਗੱਲ ਕਰਨ ਤੋਂ ਪਹਿਲਾਂ **ਕਿਸੇ ਦਸਤਾਵੇਜ਼ 'ਤੇ ਦਸਤਖਤ ਕਰਨ ਜਾਂ ਕਿਸੇ ਸਵਾਲ ਦੇ ਜਵਾਬ ਦੇਣ ਦੀ ਲੋੜ ਨਹੀਂ ਹੈ।**
- ਇੱਕ ਵਾਰ ਹਿਰਾਸਤ ਵਿੱਚ ਆਉਣ 'ਤੇ, ਤੁਹਾਨੂੰ ਆਪਣੇ ਪਰਿਵਾਰ, ਦੋਸਤਾਂ, ਸਮੁਦਾਇਕ ਲੀਡਰਾਂ, ਜਾਂ ਵਕੀਲ ਨੂੰ **ਫੋਨ ਕਾਲਾਂ ਕਰਨ ਦਾ ਅਧਿਕਾਰ** ਹੋਵੇਗਾ।
- ਹਿਰਾਸਤ ਵਿੱਚ, ਤੁਹਾਨੂੰ **ਲੋਕ ਮਿਲਣ ਆ ਸਕਦੇ ਹਨ** ਜਿੰਨ੍ਹਾਂ ਵਿੱਚ ਤੁਹਾਡਾ ਪਰਿਵਾਰ, ਸਮੁਦਾਇਕ ਲੀਡਰ ਅਤੇ ਵਕੀਲ ਸ਼ਾਮਲ ਹਨ। ਧਿਆਨ ਦਿਓ ਕਿ **ਹਰੇਕ ਜੇਲ ਦੇ ਆਪਣੇ ਨਿਯਮ ਹਨ** ਜਿੰਨ੍ਹਾਂ ਦੀ ਸਮੀਖਿਆ ਮੁਲਾਕਾਤ ਕਰਨ ਵਾਲਿਆਂ ਨੂੰ ਪਹਿਲਾਂ ਹੀ ਕਰਨੀ ਚਾਹੀਦੀ ਹੈ।
- ਜੇਕਰ ਤੁਹਾਨੂੰ ਹਿਰਾਸਤ ਵਿੱਚ ਲਿੱਤਾ ਜਾ ਰਿਹਾ ਹੈ ਤਾਂ **ਸਮੁਦਾਏ ਦੇ ਲੋਕ ICE ਦੀ ਵੀਡਿਓ ਬਣਾ ਸਕਦੇ ਹਨ**, ਜਦ ਤੱਕ ਉਹ ਅਧਿਕਾਰੀਆਂ ਦੇ ਕੰਮ ਵਿੱਚ ਦਖ਼ਲਅੰਦਾਜ਼ੀ ਨਾ ਕਰ ਰਹੇ ਹੋਣ। ਜੇਕਰ ICE ਦੇ ਏਜੰਟ ਤੁਹਾਡੇ ਨਾਲ ਗੱਲ ਕਰਨ ਜਾਂ ਤੁਹਾਨੂੰ ਗਿਰਫਤਾਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਤਾਂ ਵੀਡਿਓ ਬਨਾਉਣ ਦੀ ਸ਼ੁਰੂਆਤ ਕਰਨ ਜਾਂ ਵੀਡਿਓ ਬਨਾਉਣੀ ਜਾਰੀ ਰੱਖਣ ਨਾਲ ਤੁਸੀਂ ਖਤਰੇ ਵਿੱਚ ਪੈ ਸਕਦੇ ਹੋ।
- ਤੁਹਾਡੇ ਕੋਲ ਹੋਣ 'ਤੇ **ਤੁਸੀਂ ਆਪਣੇ ਵਕੀਲ ਨਾਲ ਤੁਹਾਡੇ ਵੱਲੋਂ ਜਾਂ ਤੁਹਾਡੀ ਗਿਰਫਤਾਰੀ ਨੂੰ ਦੇਖਣ ਵਾਲੇ ਕਿਸ ਹੋਰ ਵਿਅਕਤੀ ਵੱਲੋਂ ਤੁਹਾਡੀ ਗਿਰਫਤਾਰੀ ਨਾਲ ਸੰਬੰਧਤ ਰਿਕਾਰਡ ਕੀਤੀ ਕੋਈ ਆਡੀਓ, ਵੀਡਿਓ, ਜਾਂ ਲਿਖਤ ਨੋਟ ਸਾਂਝੇ ਕਰ ਸਕਦੇ ਹੋ।**
- **ਵਧੇਰੀ ਜਾਣਕਾਰੀ ਦੇ ਲਈ**, ਤੁਸੀਂ ਇੱਥੇ ਜਾ ਸਕਦੇ ਹੋ: bit.ly/NYLAGICE

## ਜੇਕਰ ਤੁਹਾਨੂੰ ਜਾਂ ਤੁਹਾਡੇ ਕਿਸੇ ਕਰੀਬੀ ਨੂੰ ਡਿਪੋਰਟ ਹੋਣ ਦਾ ਖਤਰਾ ਹੈ ਤਾਂ ਤੁਸੀਂ ਯੋਜਨਾ ਬਣਾ ਸਕਦੇ ਹੋ।

- ਤੁਹਾਨੂੰ ਮੁਫਤ ਅਤੇ ਗੁਪਤ ਇਮੀਗ੍ਰੇਸ਼ਨ ਕਨੂੰਨੀ ਸਲਾਹ ਮਿਲ ਸਕਦੀ ਹੈ। ਨਿਊ ਯਾਰਕ ਦੇ ਇਮੀਗ੍ਰੈਂਟ ਸੋਮਵਾਰ ਤੋਂ ਸ਼ੁੱਕਰਵਾਰ ਸਵੇਰ ਦੇ 9 ਵਜੇ ਤੋਂ ਲੈ ਕੇ ਸ਼ਾਮ ਦੇ 6 ਵਜੇ ਤੱਕ **1-800-354-0365** 'ਤੇ **ActionNYC** ਨੂੰ ਕਾਲ ਕਰ ਸਕਦੇ ਹਨ ਜਾਂ 311 'ਤੇ ਕਾਲ ਕਰਕੇ "ActionNYC" ਕਹਿ ਸਕਦੇ ਹਨ।
- ਤੁਸੀਂ **ਇੱਕ ਅਪਾਤਕਾਲ ਸੰਪਰਕ ਚੁਣ ਸਕਦੇ ਹੋ ਅਤੇ ਉਹਨਾਂ ਦਾ ਫੋਨ ਨੰਬਰ ਯਾਦ ਕਰ ਸਕਦੇ ਹੋ।** ਅਪਾਤਕਾਲ ਸੰਪਰਕ ਉਹ ਵਿਅਕਤੀ ਹੋ ਸਕਦਾ ਹੈ ਜਿਸ 'ਤੇ ਤੁਹਾਨੂੰ ਭਰੋਸਾ ਹੋਵੇ – ਇੱਕ ਪਰਿਵਾਰਕ ਸਦੱਸ, ਦੋਸਤ, ਸਮੁਦਾਇਕ ਲੀਡਰ, ਜਾਂ ਕੋਈ ਵਕੀਲ।
- ਤੁਸੀਂ **ਆਪਣੇ ਦਸਤਾਵੇਜ਼ਾਂ ਨੂੰ ਵਿਵਸਥਿਤ** ਕਰ ਸਕਦੇ ਹੋ ਅਤੇ ਉਹਨਾਂ ਨੂੰ ਇੱਕ ਸੁਰੱਖਿਅਤ ਜਗ੍ਹਾਂ 'ਤੇ ਰੱਖ ਸਕਦੇ ਹੋ ਜਿਸ ਤੱਕ ਤੁਹਾਡੇ ਅਪਾਤਕਾਲ ਸੰਪਰਕਾਂ ਦੀ ਪਹੁੰਚ ਹੋਵੇ।
- **ਵਧੇਰੀ ਜਾਣਕਾਰੀ** ਦੇ ਲਈ ਤੁਸੀਂ nyc.gov/KnowYourRights 'ਤੇ ਜਾ ਸਕਦੇ ਹੋ